# Johnson & Johnson/Janssen COVID-19 ਟੀਕੇ ਬਾਰੇ ਅਪਡੇਟ

Johnson & Johnson/Janssen COVID-19 ਟੀਕੇ ਨਾਲ ਸੰਬੰਧਿਤ ਸਿਹਤ ਨਾਲ ਜੁੜੀ ਇੱਕ ਸਮੱਸਿਆ ਦੀ ਪੜਤਾਲ ਕਰਨ ਲਈ ਕੁਝ ਸਮੇਂ ਲਈ ਵਰਤੋਂ ਰੋਕਣ ਤੋਂ ਬਾਅਦ 18 ਸਾਲ ਅਤੇ ਉਸਤੋਂ ਵੱਧ ਉਮਰ ਦੇ ਲੋਕਾਂ ਲਈ NYC ਵਿੱਚ ਇਹ ਟੀਕਾ ਉਪਲਬਧ ਹੈ। Johnson & Johnson ਦੇ ਟੀਕੇ ਅਤੇ COVID-19 ਦੇ ਹੋਰ ਅਧਿਕਾਰਤ ਟੀਕਿਆਂ ਦੀ ਸੁਰੱਖਿਆ ਅਤੇ ਪ੍ਰਭਾਵਸ਼ੀਲਤਾ ਵਿੱਚ NYC ਸਿਹਤ ਅਤੇ ਮਾਨਸਿਕ ਅਰੋਗਤਾ ਵਿਭਾਗ (NYC ਸਿਹਤ ਵਿਭਾਗ) ਦਾ ਭਰੋਸਾ ਬਰਕਰਾਰ ਹੈ। ਟੀਕਾਕਰਣ ਸਭ ਤੋਂ ਜ਼ਰੂਰੀ ਕਦਮ ਹੈ ਜੋ ਤੁਸੀਂ COVID-19 ਤੋਂ ਆਪਣਾ, ਆਪਣੇ ਅਜ਼ੀਜ਼ਾਂ ਅਤੇ ਸਾਡੀਆਂ ਕਮਿਊਨਿਟੀਜ਼ ਦਾ ਬਚਾਅ ਕਰਨ ਲਈ ਚੁੱਕ ਸਕਦੇ ਹੋ।

## Johnson & Johnson ਦੇ ਟੀਕੇ ਦੀ ਵਰਤੋਂ ਕਿਉਂ ਰੋਕੀ ਗਈ ਸੀ?

13 ਅਪ੍ਰੈਲ, 2021 ਨੂੰ, ਬਿਮਾਰੀ ਨਿਯੰਤਰਣ ਅਤੇ ਰੋਕਥਾਮ ਕੇਂਦਰ (Centers for Disease Control and Prevention, CDC) ਅਤੇ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (Food and Drug Administration, FDA) ਨੇ ਟੀਕਾ ਲਗਵਾਉਣ ਵਾਲੇ ਛੇ ਵਿਅਕਤੀਆਂ ਵਿੱਚ ਇੱਕ ਦੁਰਲੱਭ ਕਿਸਮ ਦੇ ਖੂਨ ਦੇ ਗਤਲੇ ਦੀਆਂ ਰਿਪੋਰਟਾਂ ਤੋਂ ਬਾਅਦ ਸਿਫ਼ਾਰਸ਼ ਕੀਤੀ ਸੀ ਕਿ Johnson & Johnson ਦੇ ਟੀਕੇ ਦੀ ਵਰਤੋਂ ਅਸਥਾਈ ਤੌਰ 'ਤੇ ਰੋਕ ਦਿੱਤੀ ਜਾਵੇ। CDC ਅਤੇ FDA ਦੇ ਟੀਕਾ ਸੁਰੱਖਿਆ ਨਿਗਰਾਨੀ ਸਿਸਟਮ ਰਾਹੀਂ ਮਾਮਲਿਆਂ ਦੀ ਪਛਾਣ ਕੀਤੀ ਗਈ ਸੀ। ਟੀਕੇ ਦੀ ਵਰਤੋਂ ਰੋਕੀ ਗਈ ਸੀ ਤਾਂ ਜੋ ਵਧੇਰੀ ਜਾਣਕਾਰੀ ਇਕੱਠੀ ਕਰ ਕੇ ਉਸਦੀ ਸਮੀਖਿਆ ਕੀਤੀ ਜਾ ਸਕੇ।

## ਜਾਂਚ ਵਿੱਚ ਕੀ ਸਾਮ੍ਹਣੇ ਆਇਆ?

21 ਅਪ੍ਰੈਲ, 2021 ਤੱਕ, Johnson & Johnson ਦੇ ਟੀਕੇ ਨੂੰ ਅਧਿਕਾਰਤ ਕਰਨ ਤੋਂ ਬਾਅਦ, ਉਹ ਟੀਕਾ ਲਗਵਾਉਣ ਵਾਲੇ ਤਕਰੀਬਨ 8 ਮਿਲੀਅਨ ਲੋਕਾਂ ਵਿੱਚੋਂ ਖੂਨ ਦੇ ਘੱਟ ਪਲੇਟਲੈਟਸ ਦੇ ਨਾਲ ਦੁਰਲੱਭ ਕਿਸਮ ਦੇ ਖੂਨ ਦੇ ਗਤਲੇ ਦੇ 15 ਮਾਮਲੇ ਸਨ। ਇਸ ਸਥਿਤੀ ਨੂੰ ਥ੍ਰੋਮਬੋਸਾਈਟੋਪੀਨੀਆ (ਖੂਨ ਦੇ ਪਲੇਟਲੈਟਸ ਦੀ ਘੱਟ ਸੰਖਿਆ) ਸਿੰਡਰੋਮ ਨਾਲ ਥ੍ਰੋਮਬੋਸਿਸ (ਖੂਨ ਦਾ ਗਤਲਾ) (thrombosis with thrombocytopenia syndrome, TTS) ਕਿਹਾ ਜਾਂਦਾ ਹੈ। TTS ਦੇ ਸਾਰੇ ਰਿਪੋਰਟ ਕੀਤੇ ਗਏ ਮਾਮਲੇ 18 ਤੋਂ 59 ਸਾਲ ਦੀਆਂ ਇਸਤਰੀਆਂ ਵਿੱਚ ਸਨ, ਜਿਨ੍ਹਾਂ ਵਿੱਚ ਟੀਕਾਕਰਣ ਤੋਂ ਬਾਅਦ ਛੇ ਤੋਂ 15 ਦਿਨਾਂ ਵਿੱਚ ਲੱਛਣਾਂ ਦੀ ਸ਼ੁਰੂਆਤ ਹੋਈ ਸੀ। ਇਹ ਟੀਕਾ ਲਗਵਾਉਣ ਵਾਲੀਆਂ 18 ਤੋਂ 49 ਸਾਲ ਦੀਆਂ ਪ੍ਰਤੀ ਇੱਕ ਮਿਲੀਅਨ ਇਸਤਰੀਆਂ ਵਿੱਚ TTS ਦੇ ਤਕਰੀਬਨ ਸੱਤ ਮਾਮਲਿਆਂ ਅਤੇ ਟੀਕਾ ਲਗਵਾਉਣ ਵਾਲੀਆਂ 50 ਸਾਲ ਅਤੇ ਉਸਤੋਂ ਵੱਧ ਉਮਰ ਦੀਆਂ ਪ੍ਰਤੀ ਇੱਕ ਮਿਲੀਅਨ ਇਸਤਰੀਆਂ ਵਿੱਚ ਇੱਕ ਤੋਂ ਘੱਟ ਮਾਮਲੇ ਦੀ ਦਰ ਹੈ। ਟੀਕੇ ਦੀਆਂ ਕਲੀਨਿਕਲ ਅਜ਼ਮਾਇਸ਼ਾਂ ਵਿੱਚ ਇੱਕ ਪੁਰਖ ਭਾਗੀਦਾਰ ਵਿੱਚ TTS ਦਾ ਇੱਕ ਮਾਮਲਾ ਵੀ ਪੇਸ਼ ਆਇਆ ਸੀ।

## ਟੀਕੇ ਦੀ ਵਰਤੋਂ ਬਾਰੇ CDC ਅਤੇ FDA ਕੀ ਸਿਫ਼ਾਰਸ਼ ਕਰਦੇ ਹਨ?

CDC ਅਤੇ FDA ਇਹ ਸਿਫ਼ਾਰਸ਼ ਕਰਦੇ ਹਨ ਕਿ 18 ਸਾਲ ਅਤੇ ਉਸਤੋਂ ਵੱਧ ਉਮਰ ਦੇ ਲੋਕਾਂ ਨੂੰ Johnson & Johnson ਦਾ ਟੀਕਾ ਲਗਾਉਣਾ ਜਾਰੀ ਰੱਖਿਆ ਜਾਵੇ। ਇਹ ਫੈਸਲਾ ਟੀਕਾਕਰਣ ਪ੍ਰਣਾਲੀਆਂ ਬਾਰੇ ਸਲਾਹਕਾਰ ਕਮੇਟੀ ਦੀ ਸਿਫ਼ਾਰਸ਼ 'ਤੇ ਅਧਾਰਿਤ ਹੈ, ਜੋ ਉਨ੍ਹਾਂ ਮੈਡੀਕਲ ਅਤੇ ਜਨਤੱਕ ਸਿਹਤ ਮਾਹਰਾਂ ਦਾ ਇੱਕ ਸੁਤੰਤਰ ਸਮੂਹ ਹੈ ਜਿਨ੍ਹਾਂ ਨੇ ਉਪਲਬਧ ਡੇਟਾ ਅਤੇ ਜਾਣਕਾਰੀ ਦੀ ਸਮੀਖਿਆ ਕੀਤੀ ਸੀ, ਅਤੇ ਫ਼ਾਇਦਿਆਂ ਦੇ ਮੁਕਾਬਲੇ ਟੀਕਾ ਲਗਵਾਉਣ ਦੇ ਸਿਹਤ-ਸੰਬੰਧੀ ਸੰਭਾਵੀ ਜੋਖਮਾਂ ਦਾ ਮੁਲਾਂਕਣ ਕੀਤਾ ਸੀ। ਜਿਨ੍ਹਾਂ ਲੋਕਾਂ ਨੂੰ ਟੀਕਾ ਲਗਾਇਆ ਜਾਂਦਾ ਹੈ, ਖ਼ਾਸ ਤੌਰ 'ਤੇ 50 ਸਾਲ ਤੋਂ ਘੱਟ ਉਮਰ ਦੀਆਂ ਇਸਤਰੀਆਂ, ਉਨ੍ਹਾਂਨੂੰ TTS ਦੇ ਦੁਰਲੱਭ ਪਰ ਵਧੇਰੇ ਜੋਖਮ ਅਤੇ ਇਸ ਬਾਰੇ ਜਾਣੂ ਹੋਣਾ ਚਾਹੀਦਾ ਹੈ ਕਿ COVID-19 ਟੀਕੇ ਦੇ ਹੋਰ ਵਿਕਲਪ ਉਪਲਬਧ ਹਨ ਜਿਨ੍ਹਾਂ ਲਈ ਇਹ ਜੋਖਮ ਨਹੀਂ ਵੇਖਿਆ ਗਿਆ ਹੈ।

## ਸੁਰੱਖਿਆ ਨਾਲ ਜੁੜੀ ਇਸ ਸਮੱਸਿਆ ਦੇ ਬਾਵਜੂਦ ਅਜੇ ਵੀ NYC ਇਸ ਟੀਕੇ ਦੀ ਵਰਤੋਂ ਕਿਉਂ ਕਰ ਰਹੀ ਹੈ?

TTS ਦੇ ਜੋਖਮ ਬਹੁਤ ਘੱਟ ਹਨ, ਅਤੇ ਇਹ ਟੀਕਾ COVID-19 ਕਰਕੇ ਗੰਭੀਰ ਬਿਮਾਰੀ, ਹਸਪਤਾਲ ਵਿੱਚ ਦਾਖਲੇ ਅਤੇ ਮੌਤ ਨੂੰ ਰੋਕਣ ਲਈ ਬਹੁਤ ਪ੍ਰਭਾਵਸ਼ਾਲੀ ਹੈ। ਹੁਣ ਜਦੋਂ ਅਸੀਂ ਜੋਖਮ ਬਾਰੇ ਜਾਣਦੇ ਹਾਂ, ਅਸੀਂ Johnson & Johnson ਦਾ ਟੀਕਾ ਲਗਵਾਉਣ ਵਾਲੇ ਲੋਕਾਂ ਨੂੰ ਉਹ ਜਾਣਕਾਰੀ ਦੇ ਸਕਦੇ ਹਾਂ, TTS ਦੇ ਸੰਭਾਵੀ ਲੱਛਣਾਂ ਨੂੰ ਪਛਾਣ ਕੇ ਤੁਰੰਤ ਦੇਖਭਾਲ ਪ੍ਰਾਪਤ ਕਰਨ ਲਈ ਉਨ੍ਹਾਂਨੂੰ ਜਿਸਦੀ ਲੋੜ ਹੈ। ਹੁਣ ਸਿਹਤ ਸੰਭਾਲ ਪਰਦਾਤਾ ਇਸ ਜੋਖਮ ਬਾਰੇ ਵੀ ਜਾਣੂ ਹਨ, ਜਿਸਦਾ ਮਤਲਬ ਹੈ ਕਿ ਉਹ ਉਨ੍ਹਾਂ ਮਰੀਜ਼ਾਂ ਦੀ ਤਸ਼ਖੀਸ ਅਤੇ ਇਲਾਜ ਕਰ ਸਕਦੇ ਹਨ, ਜਿਨ੍ਹਾਂ ਵਿੱਚ Johnson & Johnson ਦਾ ਟੀਕਾ ਲਗਵਾਉਣ ਤੋਂ ਬਾਅਦ TTS ਵਿਕਸਿਤ ਹੁੰਦਾ ਹੈ। ਕੋਈ ਵੀ ਦਵਾਈ, ਥੈਰਪੀ ਜਾਂ ਟੀਕਾ 100% ਜੋਖਮ-ਮੁਕਤ ਨਹੀਂ ਹੁੰਦਾ।

## ਜੇਕਰ ਮੈਂ Johnson & Johnson ਦਾ ਟੀਕਾ ਲਗਵਾਉਣ ਦੀ ਚੋਣ ਕਰਦਾ/ਕਰਦੀ ਹਾਂ, ਤਾਂ ਕੀ ਮੈਨੂੰ ਵਧੇਰੀਆਂ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ?

ਜਦਕਿ Johnson & Johnson ਦੇ ਟੀਕੇ ਤੋਂ ਤੁਹਾਨੂੰ TTS ਹੋਣ ਦਾ ਜੋਖਮ ਬਹੁਤ ਘੱਟ ਹੈ, ਪਰ ਤੁਹਾਨੂੰ ਟੀਕਾ ਲਗਵਾਉਣ ਤੋਂ ਬਾਅਦ ਤਿੰਨ ਹਫ਼ਤਿਆਂ ਲਈ ਸੰਭਾਵੀ ਲੱਛਣਾਂ ਲਈ ਆਪਣੀ ਨਿਗਰਾਨੀ ਕਰਨੀ ਚਾਹੀਦੀ ਹੈ, ਜਿਵੇਂ:

- ਸਾਹ ਦੀ ਕਮੀ
- ਛਾਤੀ ਵਿੱਚ ਦਰਦ
- ਲੱਤ ਵਿੱਚ ਸੋਜ
- ਲੰਬੇ ਸਮੇਂ ਤੱਕ ਹੋਣ ਵਾਲਾ ਪੇਟ ਦਰਦ
- ਬਹੁਤ ਤੇਜ਼ ਜਾਂ ਲੰਬੇ ਸਮੇਂ ਤੱਕ ਹੋਣ ਵਾਲਾ ਸਿਰਦਰਦ
- ਧੁੰਦਲੀ ਨਜ਼ਰ
- ਅਸਾਨੀ ਨਾਲ ਸੱਟ ਲੱਗਣਾ
- ਟੀਕਾ ਲਗਾਉਣ ਦੀ ਥਾਂ ਤੋਂ ਪਰੇ ਚਮੜੀ ਦੇ ਥੱਲੇ ਛੋਟੇ ਲਾਲ ਧੱਬੇ

ਜੇਕਰ ਟੀਕਾ ਲਗਵਾਉਣ ਤੋਂ ਬਾਅਦ ਤਿੰਨ ਹਫ਼ਤਿਆਂ ਦੇ ਅੰਦਰ ਤੁਹਾਨੂੰ ਇਨ੍ਹਾਂ ਵਿੱਚੋਂ ਕੋਈ ਵੀ ਲੱਛਣ ਹੁੰਦਾ ਹੈ, ਤਾਂ ਤੁਰੰਤ ਡਾਕਟਰੀ ਦੇਖਭਾਲ ਪ੍ਰਾਪਤ ਕਰੋ — ਨੇੜਲੇ ਹਸਪਤਾਲ ਜਾਓ ਜਾਂ **911** 'ਤੇ ਕਾਲ ਕਰੋ। ਇਲਾਜ ਪਰਦਾਤਾ ਨੂੰ ਦੱਸੋ ਕਿ ਤੁਹਾਨੂੰ Johnson & Johnson ਦਾ ਟੀਕਾ ਲਗਾਇਆ ਗਿਆ ਸੀ।

ਇਸ ਦੇ ਉਲਟ, ਟੀਕਾਕਰਣ ਤੋਂ ਬਾਅਦ ਆਮ ਮਾੜੇ ਅਸਰਾਂ ਵਿੱਚ ਟੀਕਾ ਲਗਾਉਣ ਦੀ ਥਾਂ ’ਤੇ ਬਾਂਹ ਵਿੱਚ ਦਰਦ ਅਤੇ ਸੋਜ, ਥਕਾਨ, ਹਲਕਾ ਦਰਦ, ਠੰਡ ਲੱਗਣਾ, ਹਲਕਾ ਸਿਰਦਰਦ ਜਾਂ ਹਲਕਾ ਬੁਖਾਰ ਹੋਣਾ ਸ਼ਾਮਲ ਹਨ। ਇਹ ਅਨੁਮਾਨਿਤ ਮਾੜੇ ਅਸਰ ਹਨ ਅਤੇ ਆਮ ਤੌਰ ’ਤੇ ਟੀਕਾਕਰਣ ਤੋਂ ਬਾਅਦ ਪਹਿਲੇ ਤਿੰਨ ਦਿਨਾਂ ਦੇ ਅੰਦਰ ਸ਼ੁਰੂ ਹੁੰਦੇ ਹਨ (ਟੀਕਾਕਰਣ ਤੋਂ ਬਾਅਦ ਦਾ ਦਿਨ ਸਭ ਤੋਂ ਆਮ ਹੁੰਦਾ ਹੈ) ਅਤੇ ਸ਼ੁਰੂ ਹੋਣ ਤੋਂ ਬਾਅਦ ਆਮ ਤੌਰ ’ਤੇ ਇੱਕ ਤੋਂ ਦੋ ਦਿਨਾਂ ਤੱਕ ਰਹਿੰਦੇ ਹਨ।

## ਕੀ ਹੋਰ COVID-19 ਟੀਕਿਆਂ ਤੋਂ TTS ਜਾ ਜੋਖਮ ਹੈ?

ਯੂ.ਐੱਸ. ਵਿੱਚ 200 ਮਿਲੀਅਨ ਤੋਂ ਜ਼ਿਆਦਾ ਟੀਕੇ ਲਗਾਉਣ ਤੋਂ ਬਾਅਦ Pfizer-BioNTech ਅਤੇ Moderna COVID-19 ਟੀਕਿਆਂ ਨਾਲ TTS ਨੂੰ ਨਹੀਂ ਜੋੜਿਆ ਗਿਆ ਹੈ। ਅਸੀਂ ਪੁਰਜ਼ੋਰ ਤਰੀਕੇ ਨਾਲ ਉਨ੍ਹਾਂ ਲੋਕਾਂ ਨੂੰ ਇਨ੍ਹਾਂ ਵਿੱਚੋਂ ਇੱਕ ਟੀਕਾ ਲਗਵਾਉਣ ਬਾਰੇ ਵਿਚਾਰ ਕਰਨ ਲਈ ਉਤਸ਼ਾਹਿਤ ਕਰਦੇ ਹਾਂ ਜੋ Johnson & Johnson ਦਾ ਟੀਕਾ ਨਹੀਂ ਲਗਵਾਉਣਾ ਚਾਹੁੰਦੇ।

ਪੂਰੀ NYC ਵਿੱਚ ਸੈਂਕੜਿਆਂ ਟੀਕਾਕਰਣ ਦੀਆਂ ਸਾਈਟਾਂ ਉਪਲਬਧ ਹਨ। ਟੀਕਾਕਰਣ ਦੀ ਸਾਈਟ ਲੱਭਣ ਲਈ **vaccinefinder.nyc.gov** ’ਤੇ ਜਾਓ (ਹਰ ਸਾਈਟ ’ਤੇ ਲਗਾਏ ਜਾਣ ਵਾਲੇ ਟੀਕੇ ਸੂਚੀਬੱਧ ਕੀਤੇ ਗਏ ਹਨ) ਜਾਂ ਸਿਟੀ ਵੱਲੋਂ ਚਲਾਈ ਜਾਣ ਵਾਲੀ ਕਿਸੇ ਸਾਈਟ ’ਤੇ ਅਪੌਇੰਟਮੈਂਟ ਲੈਣ ਵਿੱਚ ਮਦਦ ਲਈ 877-829-4692 ’ਤੇ ਕਾਲ ਕਰੋ। ਕਈ ਸਾਈਟਾਂ ਵਾਕ-ਇਨ ਵੀ ਸਵੀਕਾਰ ਕਰ ਰਹੀਆਂ ਹਨ। ਸਿਟੀ ਵੱਲੋਂ ਚਲਾਈਆਂ ਜਾਣ ਵਾਲੀਆਂ ਵਾਕ-ਇਨ ਸਾਈਟਾਂ ਦੀ ਸੂਚੀ ਲਈ ਇੱਥੇ ਵੇਖੋ।

## ਅਸੀਂ ਕਿਵੇਂ ਜਾਣ ਸਕਦੇ ਹਾਂ ਕਿ ਟੀਕੇ ਦੀ ਸੁਰੱਖਿਆ ਨਾਲ ਜੁੜੀ ਕੋਈ ਹੋਰ ਸਮੱਸਿਆ ਨਹੀਂ ਹੈ?

COVID-19 ਦੇ ਟੀਕੇ ਲਗਾਤਾਰ CDC, FDA ਅਤੇ ਹੋਰ ਸਮੂਹਾਂ ਦੁਆਰਾ ਸਖ਼ਤ ਸੁਰੱਖਿਆ ਨਿਗਰਾਨੀ ਤੋਂ ਗੁਜ਼ਰ ਰਹੇ ਹਨ। ਪੂਰੇ ਯੂ.ਐੱਸ. ਵਿੱਚ ਕਈ ਮਿਲੀਅਨ ਟੀਕੇ ਲਗਾਉਣ ਤੋਂ ਬਾਅਦ TTS ਦੇ ਥੋੜ੍ਹੇ ਜਿਹੇ ਮਾਮਲਿਆਂ ਦੀ ਪਛਾਣ ਕਰਨਾ ਅਤੇ Johnson & Johnson ਦੇ ਟੀਕੇ ਦੀ ਵਰਤੋਂ ਨੂੰ ਰੋਕਣਾ ਇਹ ਵਿਖਾਉਂਦੇ ਹਨ ਕਿ ਸੁਰੱਖਿਆ ਸਿਸਟਮਸ ਕੰਮ ਕਰਦੇ ਹਨ ਅਤੇ ਇਹ ਕਿ ਸੁਰੱਖਿਆ ਅਤੇ ਪਾਰਦਰਸ਼ਤਾ ਮੁੱਖ ਤਰਜੀਹਾਂ ਹਨ। ਅਸੀਂ ਟੀਕਿਆਂ ਬਾਰੇ, ਸੁਰੱਖਿਆ ਨਾਲ ਜੁੜੀ ਕਿਸੇ ਵੀ ਸੰਭਾਵੀ ਸਮੱਸਿਆ ਸਮੇਤ, ਜਾਣਕਾਰੀ ਸਾਂਝੀ ਕਰਨ ਲਈ ਵਚਨਬੱਧ ਹਾਂ।

## ਮੈਨੂੰ ਵਧੇਰੀ ਜਾਣਕਾਰੀ ਕਿੱਥੇ ਮਿਲ ਸਕਦੀ ਹੈ?

ਜੇਕਰ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਆਪਣੇ ਪਰਦਾਤਾ ਨੂੰ ਜਾਂ 311 ’ਤੇ ਕਾਲ ਕਰੋ। COVID-19 ਦੇ ਟੀਕੇ ਬਾਰੇ ਜਾਣਕਾਰੀ ਅਤੇ ਵਸੀਲਿਆਂ ਲਈ, **nyc.gov/covidvaccine** ’ਤੇ ਜਾਓ। FDA ਦੀ Johnson & Johnson ਟੀਕੇ ਦੀ ਸੋਧੀ ਗਈ ਮਰੀਜ਼ ਤੱਥ ਸ਼ੀਟ ਇੱਥੇ ਵੇਖੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਇੱਥੇ CDC ਦੀ ਵੈੱਬਸਾਈਟ ’ਤੇ ਉਪਲਬਧ ਹੈ।

**ਸਥਿਤੀ ਬਦਲਣ ਦੇ ਨਾਲ-ਨਾਲ NYC ਸਿਹਤ ਵਿਭਾਗ ਸਿਫ਼ਾਰਸ਼ਾਂ ਨੂੰ ਬਦਲ ਸਕਦਾ ਹੈ।** 4.29.21